# ਪੈਪਸੀਕੋ ਵੱਲੋਂ ਕੁਰਕੁਰੇ ਦੀ ਦੀਵਾਲੀ ਗਿਫਟ ਪੈਕਿੰਗ ਲਾਂਚ

ਜਲੰਧਰ, 8 ਅਕਤੂਬਰ (ਅ. ਬ.)- ਤਿਉਹਾਰਾਂ ਦੇ ਇਸ ਮੌਸਮ ਵਿਚ ਲਿਵਿੰਗ ਰੂਮਸ ਵਿਚ ਇਕ ਨਵਾਂ ਜੁਮਲਾ 'ਮੂੰਹ ਕੁਰਕੁਰੇ ਕਰੋ' ਆਪਣਾ ਜਲਵਾ ਦਿਖਾਉਣ ਵਾਲਾ ਹੈ। ਦੇਸ਼ ਵਿਚ ਪੈਪਸੀਕੋ ਦੀ ਸਨੈਕ ਫੂਡ ਇਕਾਈ ਫਰਿਟੋ ਲੇ ਇੰਡੀਆ ਨੇ ਤਿਉਹਾਰੀ ਮੌਸਮ ਲਈ ਕੁਰਕੁਰੇ ਦੇ ਪੈਕਸ ਦੀ ਨਵੀਂ ਸ਼੍ਰੇਣੀ ਪੇਸ਼ ਕੀਤੀ ਹੈ ਜੋ ਇਕਦਮ ਨਵੇਂ ਮਲਟੀ ਮੀਡੀਆ ਮੁਹਿੰਮ ਦੇ ਨਾਲ ਬਾਜ਼ਾਰ ਵਿਚ ਉਤਾਰੀ ਜਾ ਰਹੀ ਹੈ। 51 ਰੁਪਏ ਤੋਂ 151 ਦੇ ਰੁਪਏ ਦੇ ਵਿਚ ਆਕਰਸ਼ਕ ਰੇਟ ਵਿਚ 214 ਗ੍ਰਾਮ ਤੇ 634 ਗ੍ਰਾਮ ਦੀ ਪੈਕਿੰਗ ਵਿਚ ਕੁਰਕੁਰੇ ਗਿਫਟ ਪੈਕ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿਚ ਸਭ ਪ੍ਰੀਮੀਅਮ ਰਿਟੇਲ ਆਊਟਲੈਟਸ 'ਤੇ ਉਪਲੱਬਧ ਹੋਵੇਗੀ। ਇਸ ਦੇ ਇਲਾਵਾ ਤਿਉਹਾਰਾਂ ਦੇ ਇਸ ਸੀਜ਼ਨ ਵਿਚ ਪਹਿਲੀ ਵਾਰ ਕੁਰਕੁਰੇ ਗਿਫਟ ਬਾਕਸ ਆਨ-ਲਾਈਨ ਵੀ ਖਰੀਦੇ ਜਾ ਸਕਦੇ ਹਨ। ਇਸ ਬਾਰੇ ਵਿਚ ਐਲਾਨ ਕਰਦੇ ਹੋਏ ਦੀਪਕਾ ਵਾਰੀਅਰ ਮਾਰਕੀਟਿੰਗ ਡਾਇਰੈਕਟਰ ਪੈਪਸੀਕੋ ਇੰਡੀਆ (ਫ੍ਰਿਟੋ ਪਲੇ ਡਵੀਜ਼ਨ) ਨੇ ਕਿਹਾ ਕਿ ਤਿਉਹਾਰਾਂ ਦਾ ਮੌਸਮ ਤੋਹਫਾ ਦੇਣ ਤੇ ਆਪਣੀਆਂ ਖੁਸ਼ੀਆਂ ਨੂੰ ਵੰਡਣ ਦਾ ਮੌਕਾ ਹੁੰਦਾ ਹੈ।